# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬਐਕਟਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ :SPL-1/ਸੀ.ਓ.ਈ.

ਮਿਤੀ :11-11-2022

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ

ਕਈ ਕਾਲਜਾਂ ਵਲੋਂ ਕੀਤੀ ਗਈ ਬੇਨਤੀ ਦੇ ਸਬੰਧ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ ਦਸੰਬਰ 2022 ਦੇ ਜਿਨ੍ਹਾਂ ਵਿਦਿਆਰਥੀਆਂ ਦੀਆਂ ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ (ਪ੍ਰਾਈਵੇਟ ਅਤੇ ਰੀ-ਅਪੀਅਰ ਵਿਦਿਆਰਥੀਆਂ ਨੂੰ ਛੱਡ ਕੇ) ਦੀਆਂ ਫੀਸਾਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਤੀ 07-11-2022 ਤੱਕ ਭਰ ਦਿੱਤੀਆ ਗਈਆਂ ਸਨ ਪਰੰਤੂ ਆਨ-ਲਾਈਨ ਪੋਰਟਲ ਤੇ ਅਪਲੋਡ ਕਰਨ ਤੋਂ ਰਹਿ ਗਈਆਂ ਹਨ ਉਨ੍ਹਾਂ ਫੀਸਾਂ ਨੂੰ ਅਪਲੋਡ ਕਰਨ ਲਈ ਪ੍ਰੀਖਿਆ ਪੋਰਟਲ ਮਿਤੀ 12-11-2022 ਤੋਂ 14-11-2022 (ਸ਼ਨੀਵਾਰ, ਐਤਵਾਰ ਅਤੇ ਸੋਮਵਾਰ) ਬਾਅਦ ਦੁਪਹਿਰ 04-00 ਤੱਕ ਖੁੱਲਾ ਰਹੇਗਾ।

2. ਜਿਹੜੇ ਸੈਸ਼ਨ ਦਸੰਬਰ 2022 ਦੇ ਐਂਟਰੀ ਪੁਆਇੰਟ ਦੇ ਵਿਦਿਆਰਥੀਆਂ ਦੇ ਵਿਸ਼ੇ ਲਾਕ ਕਰਨੇ ਰਹਿ ਗਏ ਸੀ ਜਾਂ ਗਲਤ ਭਰੇ ਗਏ ਸਨ ਉਹ ਵੀ ਮਿਤੀ 12-11-2022 ਤੋਂ 14-11-2022 ਨੂੰ ਬਾਅਦ ਦੁਪਹਿਰ 04-00 ਵਜੇ ਤੱਕ ਭਰ ਸਕਦੇ ਹਨ ਜਾਂ ਦਰੁਸਤ ਕਰ ਸਕਦੇ ਹਨ।

3. ਜੇਕਰ ਕਿਸੇ ਕਾਲਜ ਦੇ ਨਵੇਂ ਵਿਦਿਆਰਥੀ ਦੀ ਨਵੀਂ ਐਂਟਰੀ ਪੋਰਟਲ ਤੇ ਰਹਿੰਦੀ ਹੈ ਤੇ ਫੀਸ ਮਿਤੀ 07-11-2022 ਤੱਕ ਯੂਨੀਵਰਸਿਟੀ ਨਿਯਮਾਂ ਅਨੁਸਾਰ ਭਰੀ ਜਾ ਚੁੱਕੀ ਹੈ ਤਾਂ ਉਸ ਵਿਦਿਆਰਥੀ ਦੀ ਐਂਟਰੀ ਵੀ ਮਿਤੀ 12-11-2022 ਤੋਂ 14-11-2022 ਨੂੰ ਬਾਅਦ ਦੁਪਹਿਰ 04-00 ਵਜੇ ਤੱਕ ਕੀਤੀ ਜਾ ਸਕਦੀ ਹੈ।

G Singh 11/11/22

ਕੰਟਰੋਲਰ (ਪ੍ਰੀਖਿਆਵਾਂ)

ਨੋਟ :-ਜੇਕਰ ਕਿਸੇ ਤਕਨੀਕੀ ਕਾਰਨਾਂ ਕਰਕੇ ਕਾਲਜ ਵਲੋਂ ਭੇਜੀ ਗਈ ਕਿਸੇ ਈ.ਮੇਲ ਦਾ ਪ੍ਰੀਖਿਆ ਸ਼ਾਖਾ ਵਲੋਂ ਹਾਲੇ ਤੱਕ ਨਿਪਟਾਰਾ ਨਹੀਂ ਕੀਤਾ ਗਿਆ ਜਾਂ ਜਵਾਬ ਨਹੀਂ ਦਿੱਤਾ ਗਿਆ ਤਾਂ ਉਸ ਈ.ਮੇਲ ਨੂੰ Reminder ਦੇ ਤੌਰ ਤੇ ਮਿਤੀ 14-11-2022 ਨੂੰ ਬਾਅਦ ਦੁਪਹਿਰ 04-00 ਵਜੇ ਤੱਕ ਹੇਠ ਲਿਖੀ ਈ.ਮੇਲ ਤੇ ਭੇਜ਼ ਦਿੱਤਾ ਜਾਵੇ :-

1. pupexamfee@pbi.ac.in (ਸਾਰੀਆਂ ਪ੍ਰੀਖਿਆ ਫੀਸਾਂ ਸਬੰਧੀ ਈ.ਮੇਲ ਲਈ)
2. assessment@pbi.ac.in (ਪ੍ਰੀਖਿਆ ਫੀਸਾਂ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਆਨ-ਲਾਈਨ ਪੋਰਟਲ ਨਾਲ ਸਬੰਧਿਤ ਸਮੱਸਿਆ ਲਈ)